# ਗਿੱਦੜ ਕਚਰਿਆਂ ਦਾ ਜਮਾਂਦਾਰ ਹੋਇਆ

ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੇ ਨਾਇਬ ਸਕੱਤਰ, ਰਿਚਰਡ ਬੁਸ਼ਰ, ਨੇ ਹੁਣੇ ਜਿਹੇ ਹਿੰਦੁਸਤਾਨ ਦਾ ਦੌਰਾ ਕੀਤਾ ਹੈ। ਇਸ ਦੌਰਾਨ ਉਹਨੇ ਕਲਕੱਤੇ ਵਿਚ ਮੁੱਖ ਮੰਤ੍ਰੀ ਬੁਧਦੇਵ ਭੱਟਾਚਾਰੀਆ ਅਤੇ ਹੋਰ ਵੱਡੇ ਅਫਸਰਾਂ ਨਾਲ ਵੀ ਮੁਲਾਕਾਤ ਕੀਤੀ। ਕਲਕੱਤੇ ਵਿਚ ਹੋਈ ਇਕ ਪ੍ਰੈਸ ਕਾਨਫਰੰਸ ਵਿਚ ਰਿਚਰਡ ਬੁਸ਼ਰ ਨੇ ਕਿਹਾ ਕਿ ਅਮਰੀਕਾ ਅਤੇ ਹਿੰਦੁਸਤਾਨ ਨੂੰ ਇਕੱਠੇ ਹੋ ਕੇ ਦਹਿਸ਼ਤਗਰਦੀ ਦੇ ਖ਼ਿਲਾਫ਼ ਇਕ ਜਬਰਦਸਤ ਮੋਰਚਾ ਲਾਉਣ ਦੀ ਲੋੜ ਹੈ। ਉਹਨੇ ਕਿਹਾ ਕਿ ਸਾਡੇ ਦੋਨੋਂ ਮੁਲਕ ਜਮਹੂਰੀਅਤ ਦੀ ਕਦਰ ਕਰਦੇ ਹਨ ਅਤੇ ਇਨ੍ਹਾਂ ਦੋਹਾਂ ਨੂੰ ਹੀ ਦਹਿਸ਼ਤਗਰਦੀ ਤੋਂ ਵੱਡਾ ਖ਼ਤਰਾ ਹੈ। ਆਪਣੇ ਬਿਆਨ ਵਿਚ ਹੋਰ ਅੱਗੇ ਜਾਂਦਿਆਂ ਬੁਸ਼ਰ ਨੇ ਕਿਹਾ ਕਿ ਅਮਰੀਕਾ ਅਤੇ ਹਿੰਦੁਸਤਾਨ ਵਿਚ ਇਕ ਕੁਦਰਤੀ ਸਾਂਝ ਹੈ ਇਸ ਲਈ ਦੋਹਾਂ ਮੁਲਕਾਂ ਨੂੰ ਇਕੱਠੇ ਹੋ ਕੇ ਦਹਿਸ਼ਤਗਰਦੀ ਦੇ ਵੱਧ ਰਹੇ ਖ਼ਤਰੇ ਦੇ ਖ਼ਿਲਾਫ਼ ਲੜਨਾ ਚਾਹੀਦਾ ਹੈ ਤੇ ਇਹ ਅੱਜ ਦੀ ਸਾਰਿਆਂ ਨਾਲੋਂ ਵੱਡੀ ਚੁਣੌਤੀ ਹੈ। ਉਹਨੇ ਕਿਹਾ, ਮੁੰਬਈ ਅਤੇ ਅਮਰੀਕਾ ਦਹਿਸ਼ਤਗਰਦੀ ਦੇ ਖ਼ਿਲਾਫ਼ ਇਕ ਆਵਾਜ਼ ਉਠਾ ਰਹੇ ਹਨ। ਅਸੀਂ ਇਕੱਠੇ ਹੋ ਕੇ ਲੋਕਾਂ ਦੀ ਜ਼ਿੰਦਗੀ ਦੀ ਰਾਖੀ ਕਰਨਾ ਚਾਹੁੰਦੇ ਹਾਂ।

ਦਰਅਸਲ, ਅਮਰੀਕਾ ਚਾਹੁੰਦਾ ਇਹ ਹੈ ਕਿ ਇਹਦੇ ਲਈ ਜੋ ਰੋਲ ਮੱਧ ਪੂਰਬ ਵਿਚ ਇਸਰਾਈਲ ਕਰ ਰਿਹਾ ਹੈ ਉਹੀ ਰੋਲ ਦੱਖਣੀ ਏਸ਼ੀਆ ਵਿਚ ਹਿੰਦੁਸਤਾਨ ਕਰੇ, ਖ਼ਾਸ ਕਰ ਚੀਨ ਦੀ ਵਧਦੀ ਹੋਈ ਤਾਕਤ ਦੇ ਖ਼ਿਲਾਫ਼ ਅਮਰੀਕਾ ਦੇ ਹੱਥਾਂ ਵਿਚ ਖੇਲ੍ਹੇ। ਇਹਦੇ ਬਦਲੇ ਵਿਚ, ਲੋਕਾਂ ਦੇ ਘੋਲਾਂ ਨੂੰ ਕੁਚਲਣ ਅਤੇ ਹਾਕਮ ਟੋਲੇ ਦਾ ਰਾਜ ਬਰਕਰਾਰ ਰੱਖਣ ਵਿਚ ਅਮਰੀਕਾ ਹਿੰਦੁਸਤਾਨ ਦੇ ਹਾਕਮ ਟੋਲੇ ਦੀ ਸਿੱਧੇ ਤੌਰ ਤੇ ਫ਼ੌਜੀ ਤੇ ਹੋਰ ਮਦਦ ਕਰਨ ਲਈ ਤਿਆਰ ਹੈ। ਮਿਸਾਲ ਦੇ ਤੌਰ ਤੇ, ਮਨੀਪੁਰ ਅਤੇ ਆਂਧਰਾ ਪ੍ਰਦੇਸ਼ ਵਿਚ ਅਮਰੀਕੀ ਮਾਹਿਰ ਪਹਿਲਾਂ ਹੀ ਲੋਕਾਂ ਦੇ ਘੋਲ ਕੁਚਲਣ ਲਈ ਹਿੰਦੁਸਤਾਨੀ ਫੌਜ ਅਤੇ ਨੀਮ ਫੌਜ ਦੀ ਮਦਦ ਕਰ ਰਹੇ ਹਨ।

ਕਿਆਸ ਲਾਏ ਜਾਂਦੇ ਹਨ ਕਿ ਜੰਮੂ-ਕਸ਼ਮੀਰ ਵਿਚ ਵੀ ਅਮਰੀਕਾ ਹਿੰਦੁਸਤਾਨ ਦੀ ਸਰਕਾਰ ਦੀ ਕਸ਼ਮੀਰੀਆਂ ਦੇ ਆਜ਼ਾਦੀ ਦੇ ਘੋਲ ਨੂੰ ਕੁਚਲਣ ਲਈ ਸਿੱਧੇ ਤੌਰ ਤੇ ਮਦਦ ਕਰਨ ਨੂੰ ਵੀ ਤਿਆਰ ਹੈ ਅਤੇ ਆਪਣੇ ਮਾਹਿਰ ਅਤੇ ਫੌਜੀ ਭੇਜਣ ਦੀ ਪੇਸ਼ਕਸ਼ ਕਰ ਚੁਕਾ ਹੈ। ਇਸ ਨਾਲ ਅਮਰੀਕਾ ਨੂੰ ਚੀਨ ਨੂੰ ਘੇਰਾ ਪਾਉਣ ਵਿਚ ਵੀ ਮਦਦ ਮਿਲੇਗੀ। ਇਹ ਸਭ ਲੋਕ ਵਿਰੋਧੀ ਹਮਲੇ ਅਮਰੀਕਾ ਦਹਿਸ਼ਤਗਰਦੀ ਦੇ ਖ਼ਿਲਾਫ਼ ਸਾਂਝੀ ਜੰਗ ਦੇ ਨਾਂ ਹੇਠ ਕਰਨ ਦੀ ਕੋਸ਼ਿਸ਼ ਵਿਚ ਹੈ। ਪਰ ਤਾਰੀਖ਼ ਅਤੇ ਹਾਲਾਤ ਅਮਰੀਕਾ ਦੀ ਮਰਜ਼ੀ ਤੇ ਨਿਰਭਰ ਨਹੀਂ ਕਰਦੇ।

ਸਾਮਰਾਜ ਦੀ ਚੜ੍ਹਤ ਦਾ ਪੁਰਾਣਾ ਜ਼ਮਾਨਾ ਖ਼ਤਮ ਹੋ ਚੁਕਿਆ ਹੈ ਪਰ ਅਮਰੀਕੀ ਤੇ ਹਿੰਦੁਸਤਾਨੀ ਹਾਕਮ ਟੋਲਾ ਇਹ ਗੱਲ ਸਮਝਣ ਨੂੰ ਤਿਆਰ ਨਹੀਂ ਹਨ ਅਤੇ ਇਹ ਸਮਝਣ ਦੇ ਕਾਬਲ ਨਹੀਂ ਕਿ ਦੁਨੀਆਂ ਦੇ ਲੋਕਾਂ ਵਿਚ ਇਨ੍ਹਾਂ ਦੀ ਪ੍ਰਤੀਤ ਹੁਣ ਮੁੱਕ ਚੁੱਕੀ ਹੈ। ਅਮਰੀਕਨ ਸਾਮਰਾਜ ਦੁਨੀਆ ਦੇ ਸਾਰਿਆਂ ਨਾਲੋਂ ਵੱਡੇ ਦਹਿਸ਼ਗਰਦ ਦੇ ਤੌਰ ਤੇ ਬਦਨਾਮ ਹੋ ਚੁੱਕਾ ਹੈ। ਪਿਛਲੇ 50 ਸਾਲਾਂ ਵਿਚ ਅਮਰੀਕਾ ਨੇ ਦੁਨੀਆ ਭਰ ਵਿਚ ਲੱਖਾਂ ਹੀ ਮਾਸੂਮਾਂ ਦਾ ਖ਼ੂਨ ਵਹਾਇਆ ਹੈ ਅਤੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਇਹ ਹਾਲੇ ਵੀ ਬੇਗੁਨਾਹਾਂ ਦਾ ਖ਼ੂਨ ਵਹਾ ਰਿਹਾ ਹੈ। ਇਸ ਕੰਮ ਵਿਚਂ ਹਿੰਦੁਸਤਾਨ ਦਾ ਰਾਜਤੰਤ੍ਰ ਅਤੇ ਹਾਕਮ ਟੋਲਾ ਵੀ ਅਮਰੀਕਾ ਤੋਂ ਘੱਟ ਨਹੀਂ। ਪੰਜਾਬ, ਗੁਜਰਾਤ, ਆਸਾਮ, ਨਾਗਾਲੈਂਡ, ਮਣੀਪੁਰ, ਕਸ਼ਮੀਰ ਅਤੇ ਹੋਰਨਾਂ ਥਾਂਵਾਂ ਤੇ ਹਿੰਦੁਸਤਾਨੀ ਹਾਕਮ ਟੋਲੇ ਦੀ ਸਰਕਾਰੀ ਦਹਿਸ਼ਤਗਰਦੀ ਦੇ ਕਾਰਨਾਮੇ ਬੱਚੇ ਬੱਚੇ ਨੂੰ ਪਤਾ ਹਨ। ਹਿੰਦੁਸਤਾਨ ਦਾ ਰਾਜਤੰਤਰ ਤੇ ਸਰਕਾਰ ਲੋਕਾਂ ਨੂੰ ਭੁਚਲਾਉਣ ਦੀ ਭਾਵੇ ਕਿੰਨੀ ਹੀ ਕੋਸ਼ਿਸ਼ ਕਰਨ ਪਰ ਇਹ ਕਤਲੋਗਾਰਤ ਲੋਕਾਂ ਨੂੰ ਭੁੱਲ ਨਹੀਂ ਸਕਦੀ।

ਹਿੰਦੁਸਤਾਨ ਵਿਚ ਅਤੇ ਖ਼ਾਸ ਤੌਰ ਤੇ ਕਲਕੱਤੇ ਵਿਚ ਰਿਚਰਡ ਬੁਸ਼ਰ ਦੀ ਇਸ ਗੱਲ ਦਾ ਕੋਈ ਯਕੀਨ ਨਹੀਂ ਕਰਦਾ ਕਿ ਉਹ ਹਿੰਦੁਸਤਾਨ ਦੀ ਸਰਕਾਰ ਨਾਲ ਮਿਲਕੇ ਦਹਿਸ਼ਤਗਰਦੀ ਖ਼ਿਲਾਫ਼ ਮੋਰਚਾ ਲਾਉਣਾ ਚਾਹੁੰਦੇ ਹਨ ਭਾਵੇ ਇਹ ਗੱਲ ਉਹਨੇ ਖੱਬੇ ਕਾਮਰੇਡਾਂ ਦੇ ਮੁੱਖ ਮੰਤ੍ਰੀ ਨਾਲ ਮਿਲ ਕੇ ਹੀ ਕੀਤੀ ਹੈ ਪਰ ਲੋਕ ਜਾਣਦੇ ਹਨ ਕਿ ਹਿੰਦੁਸਤਾਨ ਦੀ ਸਰਕਾਰ ਅਤੇ ਅਮਰੀਕੀ ਸਾਮਰਾਜ ਦਹਿਸ਼ਤਗਰਦੀ ਵਿਚ ਕਿਸੇ ਨਾਲੋਂ ਘੱਟ ਨਹੀਂ। ਲੋਕਾਂ ਨੂੰ ਇਨ੍ਹਾਂ ਖੱਬੇ ਕਾਮਰੇਡਾਂ ਦੀ ਸਰਕਾਰੀ ਦਹਿਸ਼ਤਗਰਦੀ ਵੀ ਭੁੱਲ ਨਹੀਂ ਗਈ ਬੰਗਾਲ ਵਿਚ ਲੋਕ ਅਜੇ ਵੀ ਯਾਦ ਕਰਦੇ ਹਨ ਕਿ ਸੀ.ਪੀ.ਆਈ (ਐਮ) ਦੀ ਸਰਕਾਰ ਨੇ ਕੇਂਦਰੀ ਸਰਕਾਰ ਨਾਲ ਮਿਲਕੇ ਨਕਸਲਬਾੜੀ ਲਹਿਰ ਵੇਲੇ ਕਿਵੇਂ ਬੇਰਹਮੀ ਨਾਲ ਹਜ਼ਾਰਾਂ ਹੀ ਬੇਗੁਨਾਹ ਨੌਜਵਾਨਾਂ ਨੂੰ ਕਤਲ ਕੀਤਾ ਸੀ। ਇਸੇ ਤਰ੍ਹਾਂ ਪੰਜਾਬ ਵਿਚ ਵੀ ਇਨ੍ਹਾਂ `ਕਾਮਰੇਡਾ` ਨੇ ਕੇਂਦਰੀ ਸਰਕਾਰ ਦੀ ਦਹਿਸ਼ਤਗਰਦੀ ਦੀ ਹੀ ਹਮਾਇਤ ਕੀਤੀ ਕੀਤੀ ਸੀ ਤੇ ਪੰਜਾਬ ਦੇ ਹਜ਼ਾਰਾਂ ਹੀ ਨੌਜਵਾਨਾਂ ਦੇ ਕਤਲਾਂ ਦੇ ਖ਼ਿਲਾਫ਼ ਇਕ ਲਫਜ਼ ਨਹੀਂ ਸੀ ਬੋਲਿਆ।

ਅਮਰੀਕਾ ਅਤੇ ਹਿੰਦੁਸਤਾਨ ਦੇ ਹਾਕਮ ਟੋਲੇ ਬੰਬਈ ਵਿਚ ਹੋਏ ਧਮਾਕਿਆਂ ਨੂੰ ਲੋਕਾਂ ਦੀ ਇਨਸਾਫ਼ ਲਈ ਜਦੋਜਹਿਦ ਦੇ ਖ਼ਿਲਾਫ਼ ਵਰਤਣਾ ਚਾਹੁੰਦੇ ਹਨ ਪਰ ਲੋਕ ਹੁਣ ਸਾਰੀ ਗੱਲ ਸਮਝਦੇ ਹਨ ਤੇ ਇਨ੍ਹਾਂ ਦੇ ਜਾਲ ਵਿਚ ਫਸਣ ਵਾਲੇ ਨਹੀਂ। ਲੋਕਾਂ ਨੂੰ ਪਤਾ ਹੈ ਕਿ ਇਹ ਦੋਨੋਂ ਵੱਡੇ ਦਹਿਸ਼ਤਗਰਦ ਹਨ ਅਤੇ ਦਹਿਸ਼ਤਗਰਦੀ ਦਾ ਫਾਇਦਾ ਇਨ੍ਹਾਂ ਨੂੰ ਹੀ ਹੁੰਦਾ ਹੈ।

ਲੋਕਾਂ ਦਾ ਤਜਰਬਾ ਦਸਦਾ ਹੈ ਕਿ ਦਹਿਸ਼ਤਗਰਦੀ, ਫਿਰਕੂ ਤਸ਼ੱਦਦ ਅਤੇ ਕਤਲੋਗਾਰਤ ਨੂੰ ਹਾਕਮ ਟੋਲਾ ਤੇ ਰਾਜਤੰਤ੍ਰ ਹੀ ਜਥੇਬੰਦ ਕਰਦੇ ਹਨ ਤੇ ਇਹਦਾ ਫ਼ਾਇਦਾ ਵੀ ਇਨ੍ਹਾਂ ਨੂੰ ਹੀ ਹੁੰਦਾ ਹੈ। ਲੋਕ ਇਹ ਵੀ ਜਾਣਦੇ ਹਨ ਕਿ ਆਪਣੀ ਏਕਤਾ ਅਤੇ ਆਪਣੀ ਤਾਕਤ ਤੇ ਨਿਰਭਰ ਕਰਕੇ ਹੀ ਉਹ ਇਨ੍ਹਾਂ ਹਮਲਿਆਂ ਨੂੰ ਖ਼ਤਮ ਕਰ ਸਕਦੇ ਹਨ। ਇਸ ਲਈ ਉਹ ਹੁਣ ਇਨ੍ਹਾਂ ਅਮਰੀਕੀ ਤੇ ਹਿੰਦੁਸਤਾਨੀ ਜਾਬਰਾਂ ਦੇ ਫਰੇਬ ਵਿਚ ਫਸ ਨਹੀਂ ਰਹੇ ਅਤੇ ਆਪਣੇ ਘੋਲਾਂ ਨੂੰ ਤੇਜ਼ ਕਰ ਰਹੇ ਹਨ।